**TODAY'S HUKAMNAMA FROM SRI DARBAR SAHIB**
**Sri Amritsar.**

**[June 24, 2013, Monday 04:30 AM. IST]**

ਧਨਾਸਰੀ ਮਹਲਾ ੫ ॥

ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥ ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥ ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧਸੰਗਿ ॥੧॥ ਰਹਾਉ ॥ ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥ ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥੨॥ ਹਸਤੀ ਰਥ ਅਸੁ ਅਸਵਾਰੀ ॥ ਹਰਿ ਕਾ ਮਾਰਗੁ ਰਿਦੈ ਨਿਹਾਰੀ ॥੩॥ ਮਨ ਤਨ ਅੰਤਰਿ ਚਰਨ ਧਿਆਇਆ ॥ ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ ॥੪॥੨॥੫੬॥

ਮਨ ਦੀ ਤ੍ਰਿਸ਼ਨਾ ਬੜੀ ਪ੍ਰਬਲ ਹੈ । ਇਹ ਸਾਰੇ ਸੰਸਾਰ ਨੂੰ ਭਟਕਾਈ ਫ਼ਿਰਦੀ ਹੈ । ਇਸਦਾ ਇਕੋਇਕ ਇਲਾਜ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਹੈ ।ਇਸ ਸਿਮਰਨ ਸਾਧ ਸੰਗਤ ਤੋਂ ਮਿਲਦਾ ਹੈ ਤੇ ਇਸ ਨਾਲ ਜੀਵਨ ਸਾਰਥਕ ਹੋ ਜਾਂਦਾ ਹੈ ।ਫ਼ਿਰ ਹਰ ਵੇਲੇ ਮਨ ਵਿਚ ਸਿਮਰਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ ।ਨਾਮ ਸਿਮਰਨ ਵਿਚ ਪੂਰਨ ਸੰਤੁਸ਼ਟੀ ਤੇ ਸਕੂਨ ਮਿਲਦਾ ਹੈ । ਹਾਥੀ ਘੋੜਿਆਂ (ਅਜਕਲ ਗਡੀਆਂ ਕਾਰਾਂ) ਦਾ ਮੋਹ ਨਹੀਂ ਵਿਆਪਦਾ ਜੀਵਨ ਦੇ ਸੱਚੇ ਮਾਰਗ ਤੇ ਤੁਰਦਿਆਂ ਜੀਵਨ ਆਨੰਦਮਈ ਹੋ ਜਾਂਦਾ ਹੈ ।